# ਪਾਸ਼ਾ

پاشا
G. 460

ਸੰਸਾਰ ਪ੍ਰਸਿੱਧ ਲਿਖਾਰੀਆਂ
ਦੀਆਂ ਚੋਣਵੀਆਂ ਕਹਾਣੀਆਂ

ਅਨੁਵਾਦਕ
ਜੇ. ਐਸ. 'ਸ਼ਾਦ'

LAHORE

ਪੰਜਾਬੀ ਪਿਆਰੇ, ਅਮ੍ਰਿਤਸਰ

1940

ਸ਼ਾ ੫੪ ਪ
24940

2000 COPIES

Twelve annas

*Published by Pal Singh B. A,*
*Proprietor Punjabi Piare, Amritsar.*

ਨਰਗਿਸ
ਨੂੰ

# ਵਾਕਫੀ

ਸਾਹਿੱਤ ਦੇ ਹੋਰਨਾ ਅੰਗਾਂ ਵਾਂਗਰ ਕਹਾਣੀ ਦੀ ਕਾਮਯਾਬੀ ਦਾ ਰਾਜ਼ ਵੀ ਏਸਦੇ ਪੁਰ ਅਸਰ ਹੋਣ ਵਿਚ ਹੀ ਹੈ। ਤੇ ਪੁਰ ਅਸਰ ਕਹਾਣੀ ਉਹੋ ਹੀ ਕਹੀ ਜਾ ਸਕਦੀ ਹੈ ਜਿਸ ਵਿੱਚ ਕਿ ਦਿਲਚਸਪੀ ਕਮਾਲ ਦੀ ਹਦ ਤੀਕਰ ਪਹੁੰਚੀ ਹੋਈ ਹੋਵੇ। ਦੂਸਰੇ ਲਫਜ਼ਾਂ ਵਿਚ ਜਿਸ ਵਿਚ ਤਾਸੀਰ ਹੋਵੇ। ਦਿਲ ਚਸਪੀ ਦਾ ਕਮਾਲ ਦੀ ਹਦ ਤੀਕਰ ਪਹੁੰਚਣਾ ਹੀ ਤਾਸੀਰ ਅਖਵਾਉਂਦਾ ਹੈ । ਜਿਸਤਰ੍ਹਾਂ ਕੋਈ ਨਾਜ਼ਕ ਸ਼ੇਅਰ ਅਖਾਂ ਅਗੇ ਆਉਂਦਿਆਂ ਹੀ ਦਿਲ ਵਿੱਚ ਇਕ ਹੜ ਜਿਹਾ ਮੱਚਾ ਦੇਂਦਾ ਹੈ ਏਸੇ ਤਰ੍ਹਾਂ ਕਹਾਣੀ ਵੀ ਓਹੋ ਹੀ ਚੰਗੀ ਕਹੀ ਜਾ ਸਕਦੀ ਹੈ ਜਿਸਨੂੰ ਪੜ੍ਹ ਕੇ ਪੜ੍ਹਨ ਵਾਲੇ ਦੇ ਦਿਲ ਵਿਚ ਇਕ ਅਨੋਖੀ ਜਿਹੀ ਚੁਬਣ ਪੈਦਾ ਹੋ ਜਾਵੇ--ਇਕ ਮਿੱਠੀ ਮਿੱਠੀ ਪਿਆਰੀ ਪਿਆਰੀ ਪੀੜ--ਜਿਵੇਂ ਅਸੀਂ ਕਿਸੇ ਅਤਿ ਮਨਮੋਹਣੇ ਸੁਪਣੇ ਵਿਚ ਗੁੰਮ ਹੋ ਜਾਵੀਏ। ਸਾਡੇ ਦਿਲ ਵਿਚ ਇਜਿਹੀ ਬੇਚੈਨੀ ਪੈਦਾ ਹੋ ਜਾਣੀ ਚਾਹੀਦੀ ਹੈ ਜਿਸ ਤਰ੍ਹਾਂ ਦੀ ਕਿ ਅਸੀਂ ਕਿਸੇ ਚੀਜ਼ ਦੇ ਗਵਾਚ ਜਾਣ ਸਮੇਂ ਪਰਤੀਤ ਕਰਦੇ ਹਾਂ।

ਇਸ ਕਿਤਾਬ ਵਿਚ ਦਿੱਤੀਆਂ ਗਈਆਂ ਕਹਾਣੀਆਂ ਬੱਚਿਆਂ ਦੇ ਖਿਡਾਉਣੇ ਜਾਂ ਗੁੱਡੀਆਂ ਨਹੀਂ ਹਨ । ਹਰ ਕਹਾਣੀ ਵਿਚ ਇਕ ਰੂਹ ਬੋਲਦੀ ਦਿੱਸਦੀ ਹੈ। ਵੇਖਣ ਨੂੰ ਭਾਵੇਂ ਇਹ ਕੋਝੀਆਂ ਹੀ ਹੋਣ ਪਰ ਇਹਨਾ ਵਿਚ ਇਕ ਆਤਮਾ ਹੈ----ਇਕ ਧੜਕਨ ਹੈ ਜਿਨੂੰ ਕਿ ਅਸੀਂ ਅਨਭਵ ਕਰ ਸਕਦੇ ਹਾਂ ॥



ਕੁਲ ਕਹਾਣੀਆਂ ਅਠ ਹਨ । ਦੋ ਮੋਪਾਸਾਂ ਦੀਆਂ ਇਕ ਅਨਾਤੂਲ ਫਰਾਂਸ ਦੀ ਤੇ ਇਕ ਚੈਖੁਫ ਦੀ ਹੈ। ਬਾਕੀ ਦੀਆਂ ਚਾਰ ਕਹਾਣੀਆਂ ਦੇ ਕਰਤਾ ਮਹਾਤਮਾ ਵਾਲਟੀਅਰ, ਮੈਕਸਮ ਗੌਰਕੀ, ਮਿਸਟਰ ਓ. ਹੈਨਰੀ ਤੇ ਅਸਤਫ਼ਾਨ ਜ਼ਦਰੇਗ ਹਨ।

ਦੁਨੀਆਂ ਦੇ ਲਿਟਰੇਚਰ ਵਿੱਚ ਇਨ੍ਹਾਂ ਨੂੰ ਇਕ ਖਾਸ ਦਰਜਾ ਹਾਸਲ ਹੈ। ਹਰ ਓਹ ਆਦਮੀ ਜਿਸਨੂੰ ਸਾਹਿੱਤ ਸੰਸਾਰ ਨਾਲ ਜਰਾ ਜਿੰਨਾ ਵੀ ਸੰਬੰਧ ਹੈ, ਜਾਨਦਾ ਹੈ ਕਿ ਦੁਨੀਆ ਅਜ ਤੀਕਰ ਮੋਪਾਸਾਂ ਦੇ ਪਾਏ ਦਾ ਹੋਰ ਕੋਈ ਆਦਮੀ ਪੈਦਾ ਨਹੀਂ ਕਰ ਸੱਕੀ । ਇਸ ਦੀ ਕਹਾਣੀ 'ਨੈਕਲਿਸ' ਅਜ ਤੀਕਰ ਵੀ ਦੁਨੀਆਂ ਦੀ ਪਹਿਲੇ ਦਰਜੇ ਦੀ ਕਹਾਣੀ ਮੱਨੀ ਜਾਂਦੀ ਹੈ।

ਅਨਤੂਨ ਚੈਖੁਫ ਨੂੰ ਰੂਸੀ ਕਹਾਣੀਆਂ ਦੇ ਤੀਸਰੇ ਦੌਰ ਦਾ ਸਲਾਰ ਕਿਹਾ ਜਾਂਦਾ ਹੈ । ਏਸ ਨੇ ੧੮੮੫ ਵਿੱਚ ਡਾਕਟਰੀ ਦੀ ਡਿਗਰੀ ਪਰਾਪਤ ਕੀਤੀ ਸੀ ਪਰ ਇਸ ਲਾਈਨ ਨੂੰ ਅਪਣਾ ਪੇਸ਼ਾ ਨਹੀਂ ਬਨਾਇਆ ਸੀ। ਕਿਉਂ ਜੋ ਇਹ ਜਾਨਦਾ ਸੀ ਕਿ ਇਹ ਕਹਾਣੀਆਂ ਲਿਖਕੇ ਜ਼ਿਆਦਾ ਕੁਝ ਕਮਾ ਸਕਦਾ ਹੈ।

ਮਿਸਟਰ ਗਾਰਨਿਟ ਜਿਸ ਨੇ ਕਿ ਇਸ ਦੀਆਂ ਕਹਾਣੀਆਂ ਦਾ ਅੰਗਰੇਜ਼ੀ ਵਿੱਚ ਉਲਥਾ ਕੀਤਾ ਹੈ, ਆਪਣੀ ਇਕ ਕਿਤਾਬ ਦੀ ਭੂਮਕਾ ਵਿੱਚ ਲਿਖਦਾ ਹੈ, "ਚੈਖੁਫ ਦੀਆਂ ਕਹਾਣੀਆਂ ਵਿਚ ਓਹੀ ਕੁਝ ਹੁੰਦਾ ਹੈ ਜੋ ਕੁਝ ਕਿ ਓਹ ਅਨਭਵ ਕਰਦਾ ਹੈ--ਜੋ ਕੁਝ ਕਿ ਓਹ ਅਪਣੇ ਆਸੇ

**TO READ THE ENTIRE BOOK PLEASE CONTACT US:**

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.